**ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ ਸਿੱਖਿਆ ਭਵਨ(ਪੀ.ਐਸ.ਈ.ਬੀ.) ਪੰਜਵੀਂ ਮੰਜਿਲ,ਬਲਾਕ-ਈ, ਫੇਜ਼-8 ਅਜੀਤਗੜ(ਮੋਹਾਲੀ)ਫੋਨ ਨੰ:0172-5212313**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਪੰਜਾਬ।

**ਮੀਮੋ ਨੰ: ASPD/CO/RMSA-2015** 11233

**ਮਿਤੀ** 17-7-15 **ਮੋਹਾਲੀ**

ਵਿਸ਼ਾ:- **NSIGSE ਸਕੀਮ ਅਧੀਨ ਸਾਲ 2015-16 ਦੀ ਪ੍ਰਪੋਜ਼ਲ ਈ-ਪੰਜਾਬ ਦੇ ਪੋਰਟਲ ਤੇ ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ MHRD DSEL ਵੱਲੋਂ Centrally sponsered Scheme NSIGSE 2008-09 ਵਿੱਚ ਆਰੰਭੀ ਗਈ ਹੈ ਜਿਸ ਦਾ ਉਦੇਸ਼ SC/ST ਲੜਕੀਆਂ ਦਾ ਡਰਾਪਆਊਟ ਘਟਾਉਣਾ ਅਤੇ ਲੜਕੀਆਂ ਦੇ ਸੈਕੰਡਰੀ ਸਿੱਖਿਆ ਲਈ ਫ਼ੜਾਵਾ ਦੇਣਾ ਹੈ।ਇਸ ਸਕੀਮ ਦੇ ਤਹਿਤ 3000 ਰੁ: ਪ੍ਰਤੀ ਲੜਕੀ ਨੂੰ Incentive ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਅਤੇ 18 ਸਾਲ ਦੀ ਉਮਰ ਪੂਰੀ ਹੋਣ ਤੋਂ ਬਾਅਦ ਮਿਲਣਾ ਹੈ। ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ:ਸਿ) ਸਾਲ 2015-16ਵਿੱਚ NSIGSE ਸਕੀਮ ਅਧੀਨ ਲਾਭਪਾਤਰੀਆਂ ਦੇ ਵੇਰਵੇ ਸਬੰਧੀ ਦਫਤਰ ਵਿੱਚ ਕੰਮ ਕਰਦੇ ਡੀ.ਆਰ.ਪੀ./ਐਮ.ਆਈ.ਐਸ ਕੋਆਰੀਡੀਨੇਟਰ ਦੀ ਸਹਾਇਤਾ ਨਾਲ ਈ-ਪੰਜਾਬ ਦੇ ਪੋਰਟਲ ਤੇ ਅਪਲੋਡ ਕਰਨ ਲਈ ਸਕੂਲ ਮੁੱਖੀਆਂ ਨੂੰ ਹਦਾਇਤ ਕਰਨ।

ਇਹ ਸਕੀਮ ਉਹਨਾਂ ਵਿਦਿਆਰਥਣਾਂ ਲਈ ਹੈ ਜੋ ਕਿ

- SC/ST ਹੋਣ ਅਤੇ ਸੈਸ਼ਨ 2015-16 ਵਿੱਚ ਸਰਕਾਰੀ, Govt. Aidded ਜਾਂ Local Body ਸਕੂਲਾਂ ਵਿੱਚ 9ਵੀਂ ਕਲਾਸ ਵਿੱਚ ਪੜ੍ਹ ਰਹੀਆਂ ਹੋਣ।
- ਅਣਵਿਆਹੀਆਂ ਹੋਣ ਅਤੇ ਜਿਹਨਾਂ ਦੀ ਉਮਰ 01/04/2015 ਨੂੰ 16 ਸਾਲ ਤੋਂ ਘੱਟ ਹੋਵੇ (ਭਾਵ ਜਿਨ੍ਹਾਂ ਦਾ ਜਨਮ 01/04/1999 ਤੋਂ ਬਾਅਦ ਹੋਵੇ) ਉਹਨਾਂ ਨੂੰ ਲਾਭਪਾਤਰੀਆਂ ਦੀ ਲਿਸਟ ਵਿੱਚ ਸ਼ਾਮਿਲ ਕੀਤਾ ਜਾਵੇ।
- ਲਾਭਪਾਤਰੀਆਂ ਨੂੰ Incentive ਦੀ ਰਾਸ਼ੀ (DBT ) ਸਕੀਮ ਰਾਹੀ ਸਿੱਧੀ ਖਾਤੇ ਵਿੱਚ ਹੀ ਟ੍ਰਾਂਸਫਰ ਹੋਣੀ ਹੈ। ਇਸ ਲਈ ਈ-ਪੰਜਾਬ ਪੋਰਟਲ ਵਿੱਚ ਬੈਂਕ ਖਾਤਾ ਨੰ:, ਬੈਂਕ ਦਾ ਪੂਰਾ ਨਾਂ, IFSC Code ਅਤੇ ਅਧਾਰ ਕਾਰਡ ਨੰ: ਸਪੱਸ਼ਟ/ਸਾਫ ਅਤੇ ਠੀਕ ਹੋਣੇ ਚਾਹੀਦੇ ਹਨ। ਬੈਂਕ ਖਾਤੇ ਦੀ ਅਧਾਰ ਕਾਰਡ ਨਾਲ ਸੀਡਿੰਗ ਹੋਣੀ ਲਾਜ਼ਮੀ ਹੈ।
- ਕਸਤੂਰਬਾ ਗਾਂਧੀ ਬਾਲਿਕਾ ਸਕੂਲ ਦੀਆਂ ਸਾਰੀਆਂ ਲੜਕੀਆਂ ਜਿਨ੍ਹਾਂ ਨੇ ਅੱਠਵੀਂ ਕਲਾਸ ਕਸਤੂਰਬਾ ਗਾਂਧੀ ਬਾਲਿਕਾ ਸਕੂਲ ਤੋਂ ਪਾਸ ਕੀਤੀ ਹੈ, ਇਸ ਸਕੀਮ ਵਿੱਚ ਲਾਭ ਲੈਣ ਲਈ ਯੋਗ ਹਨ।
- Date of birth (DD/MM/YYYY) ਫਾਰਮੈਟ ਵਿੱਚ ਹੋਵੇ।
- ਪ੍ਰਪੋਜ਼ਲ ਤਿਆਰ ਕਰਦੇ ਸਮੇਂ ਈ-ਪੰਜਾਬ ਦੇ ਪੋਰਟਲ ਤੇ ਅਪਲੋਡ ਕਰਦੇ ਸਮੇਂ ਲਾਭਪਾਤਰੀਆਂ ਦੇ ਨਾਮ, ਉਮਰ ਦੇ ਘੱਟਦੇ ਕ੍ਰਮ ਵਿੱਚ ਅਪਲੋਡ ਕੀਤੇ ਜਾਣ। ਜਿਵੇਂ ਕਿ ਪਹਿਲਾਂ ਉਹਨਾਂ ਲਾਭਪਾਤਰੀਆਂ ਦੇ ਨਾਮ ਦਰਜ ਹੋਣਗੇ ਜਿਨ੍ਹਾਂ ਦੀ ਜਨਮ ਮਿਤੀ 01/04/1999 ਹੈ, ਜਨਮ ਮਿਤੀ 02/04/1999 ਅਤੇ ਜਨਮ ਮਿਤੀ 03/04/1999... ਹੋਵੇ।

ਇਸ ਸਬੰਧੀ ਸਾਰੀ ਕਾਰਵਾਈ 25 ਜੁਲਾਈ 2015 ਤੱਕ ਈ-ਪੰਜਾਬ ਪੋਰਟਲ ਤੇ ਅਪਲੋਡ ਕਰਨੀ ਯਕੀਨੀ ਬਣਾਈ ਜਾਵੇ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਆਪਣੇ ਜਿਲ੍ਹੇ ਨਾਲ ਸੰਬੰਧਤ ਸਾਰੇ ਲਾਭਪਾਤਰੀਆਂ ਦੇ ਵੇਰਵੇ ਵੈਰੀਫਾਈ ਕਰਵਾਉਣ ਉਪਰੰਤ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਉਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਸੰਗਰੂਰ
ਪਿਠ ਅੰਕਣ ਨੰਬਰ : ਡਸਸਅ/( )/2015/ 1382 ਮਿਤੀ: 28-7-2015

ਉਪਰੋਕਤ ਜਿਲੇ ਦੇ ਸਮੂਹ ਸਰਕਾਰੀ ਸੀਨੀ: ਸੈਕੰ: ਅਤੇ ਹਾਈ ਸਕੂਲਾਂ /ਏਡਿਡ ਸਕੂਲਾਂ ਦੇ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਉਪਰੋਕਤ ਹੁਕਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)
ਸੰਗਰੂਰ